# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ

# ਮਿਤੀ **24-2-2020**

# ਦੀ ਕਾਰਵਾਈ

(ਮਤਾ ਨੰ: **1-2** )

# ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 24.02.2020 ਨੂੰ ਹੋਈ ਦੀ ਕਾਰਵਾਈ ।

ਮਿਤੀ 24.02.2020 ਨੂੰ ਨਗਰ ਨਿਗਮ ਹਾਊਸ ਦੀ ਸਪੈਸ਼ਲ ਮੀਟਿੰਗ ਸਮਾਂ ਸ਼ਾਮ 4:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 2 | ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 4. | 3 | ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ |
| 5. | 6 | ਸ੍ਰੀ ਨਿਰਮਲ ਸਿੰਘ, ਕੌਂਸਲਰ |
| 6. | 9 | ਸ੍ਰੀਮਤੀ ਮਨਦੀਪ ਕੌਰ, ਕੌਂਸਲਰ |
| 7. | 10 | ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 8. | 11 | ਸ੍ਰੀਮਤੀ ਪ੍ਰਵੀਨਾ, ਕੌਂਸਲਰ |
| 9. | 12 | ਸ੍ਰੀ ਜਗਦੀਸ਼ ਕੁਮਾਰ, ਕੌਂਸਲਰ |
| 10. | 13 | ਸ੍ਰੀਮਤੀ ਬਿਮਲਾ ਰਾਨੀ, ਕੌਂਸਲਰ |
| 11. | 15 | ਸ੍ਰੀਮਤੀ ਡੋਲੀ, ਕੌਂਸਲਰ |
| 12. | 16 | ਸ੍ਰੀ ਮਨਮੋਹਣ ਸਿੰਘ, ਕੌਂਸਲਰ |
| 13. | 17 | ਸ੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 14. | 18 | ਸ੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 15. | 19 | ਸ੍ਰੀਮਤੀ ਉਮਾ ਬੇਰੀ, ਕੌਂਸਲਰ |
| 16. | 20 | ਸ੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 17. | 21 | ਸ੍ਰੀਮਤੀ ਮਨਜੀਤ ਕੌਰ, ਕੌਂਸਲਰ |
| 18. | 22 | ਸ੍ਰੀ ਪ੍ਰੱਭਦਿਆਲ, ਕੌਂਸਲਰ |
| 19. | 23 | ਸ੍ਰੀਮਤੀ ਨੀਰਜਾ ਜੈਨ, ਕੌਂਸਲਰ |
| 20. | 25 | ਸ੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 21. | 26 | ਸ੍ਰੀ ਰੋਹਨ ਸਹਿਗਲ, ਕੌਂਸਲਰ |
| 22. | 27 | ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ |
| 23. | 28 | ਸ੍ਰੀ ਬਲਰਾਜ ਠਾਕੁਰ, ਕੌਂਸਲਰ |
| 24. | 29 | ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 25. | 30 | ਸ੍ਰੀ ਪਵਨ ਕੁਮਾਰ, ਕੌਂਸਲਰ |
| 26. | 31 | ਸ੍ਰੀਮਤੀ ਹਰਸ਼ਰਨ ਕੌਰ, ਕੌਂਸਲਰ |
| 27. | 32 | ਸ੍ਰੀ ਸੁੱਚਾ ਸਿੰਘ, ਕੌਂਸਲਰ |
| 28. | 34 | ਸ੍ਰੀ ਤਰਸੇਮ ਸਿੰਘ, ਕੌਂਸਲਰ |
| 29. | 36 | ਸ੍ਰੀ ਬਚਨ ਲਾਲ, ਕੌਂਸਲਰ |
| 30. | 38 | ਸ੍ਰੀ ਓਮਕਾਰ ਰਜੀਵ, ਕੌਂਸਲਰ |
| 31. | 40 | ਸ੍ਰੀ ਵਰੇਸ਼ ਕੁਮਾਰ, ਕੌਂਸਲਰ |
| 32. | 41 | ਸ੍ਰੀਮਤੀ ਅਨੀਤਾ, ਕੌਂਸਲਰ |
| 33. | 47 | ਸ੍ਰੀਮਤੀ ਬਲਵਿੰਦਰ ਕੌਰ, ਕੌਂਸਲਰ |
| 34. | 49 | ਸ੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 35. | 51 | ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 36. | 53 | ਸ੍ਰੀਮਤੀ ਰਜਨੀ ਬਾਹਰੀ, ਕੌਂਸਲਰ |
| 37. | 54 | ਸ੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 38. | 55 | ਸ੍ਰੀਮਤੀ ਵੰਦਨਾ, ਕੌਂਸਲਰ |
| 39. | 56 | ਸ੍ਰੀ ਪੱਲੀ ਅੱਪਨ, ਕੌਂਸਲਰ |

| | | |
|---|---|---|
| 40. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 41. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 42. | 61 | ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ |
| 43. | 62 | ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ |
| 44. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 45. | 65 | ਸ਼੍ਰੀਮਤੀ ਅੰਜਲੀ, ਕੌਂਸਲਰ |
| 46. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 47. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ |
| 48. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 49. | 72 | ਸ਼੍ਰੀ ਮਿੰਟੂ, ਕੌਂਸਲਰ |
| 50. | 74 | ਸ਼੍ਰੀ ਮਦਨ ਲਾਲ, ਕੌਂਸਲਰ |
| 51. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 52. | 79 | ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ |

ਕੁਲ ਹਾਜ਼ਰ ਮੈਂਬਰ: 52

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.2.2020

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਵਲੋਂ ਸਮੂਹ ਹਾਊਸ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਨਗਰ ਨਿਗਮ ਜਲੰਧਰ ਦੀ ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ, ਜਿਹਨਾਂ ਵਿੱਚੋ :-

1. ਸ਼੍ਰੀ ਰਾਜ ਕੁਮਾਰ ਗੁਪਤਾ, ਸਾਬਕਾ ਐਮ.ਐਲ.ਏ. ਜੀ।
2. ਸ਼੍ਰੀ ਸੁਸ਼ੀਲ ਰਿੰਕੂ, ਐਮ.ਐਲ.ਏ. ਜੀ ਦੇ ਤਾਇਆ ਜੀ ਸ਼੍ਰੀ ਸੰਸਾਰ ਚੰਦ, ਸਾਬਕਾ ਕੌਂਸਲਰ।
3. ਸ਼੍ਰੀ ਸੁਰਿੰਦਰ ਮਹੇ, ਸਾਬਕਾ ਮੇਅਰ ਜੀ ਦੀ ਧਰਮ ਪਤਨੀ ਸ਼੍ਰੀਮਤੀ ਗੀਤਾ ਮਹੇ।
4. ਸ਼੍ਰੀਮਤੀ ਅੰਜਲੀ ਭਗਤ, ਕੌਂਸਲਰ ਜੀ ਦੀ ਸੱਸ ਸ਼੍ਰੀਮਤੀ ਸਤਿਆ ਦੇਵੀ।
5. ਸ਼੍ਰੀ ਪ੍ਰਭਦਿਆਲ ਭਗਤ, ਕੌਂਸਲਰ ਜੀ ਦੇ ਭਤੀਜੇ ਸ਼੍ਰੀ ਵਿਸ਼ੂ ਦਿਆਲ।
6. ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ ਜੀ ਦੇ ਭਰਾ ਸ਼੍ਰੀ ਚੰਦਰ ਮਨੀ ਬਠਲਾ।
7. ਸ਼੍ਰੀਮਤੀ ਊਮਾ ਬੇਰੀ, ਕੌਂਸਲਰ ਜੀ ਦੇ ਮਾਤਾ ਸ਼੍ਰੀਮਤੀ ਸੰਤੋਖ ਦੇਵੀ।

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕਰੀਏ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.2.2020

ਇਸ ਉਪਰੰਤ ਮੇਅਰ ਜੀ ਨੇ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਰੀ ਬੇਨਤੀ ਹੈ ਕਿ ਅੱਜ ਦੀ ਇਹ ਮੀਟਿੰਗ ਐਮਰਜੈਂਸੀ ਵਿੱਚ ਸ਼ਹਿਰ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਬੁਲਾਈ ਗਈ ਹੈ । ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਦੀ ਮੰਗ ਹੈ ਕਿ ਜਿਹੜੇ 160 ਸੀਵਰਮੈਨ ਆਊਟਸੋਰਸ ਤੇ ਰੱਖੇ ਗਏ ਹਨ ਜਾਂ ਰੱਖੇ ਜਾ ਰਹੇ ਹਨ, ਨੂੰ ਪੱਕੇ ਤੌਰ ਤੇ ਰੱਖਿਆ ਜਾਵੇ । ਇਸ ਸਬੰਧ ਵਿੱਚ ਮੈਂ ਸਮੂਹ ਹਾਜ਼ਰ ਕੌਸਲਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਦੋ-ਦੋ ਸੀਵਰਮੈਨ ਵਾਰਡਾਂ ਵਿੱਚ ਰੱਖੇ ਗਏ ਹਨ ਉਹਨਾਂ ਬਾਰੇ ਦੱਸਿਆ ਜਾਵੇ ਕਿ ਕੀ ਉਹ ਕੰਮ ਠੀਕ ਕਰ ਰਹੇ ਹਨ । ਜਿਸਤੇ ਸੱਤਾ ਧਿਰ ਦੇ ਹਾਜ਼ਰ ਕੌਸਲਰਾਂ ਵਲੋਂ ਇੱਕ ਆਵਾਜ਼ ਵਿੱਚ ਕਿਹਾ ਗਿਆ ਕਿ ਜਿਹੜੇ ਸੀਵਰਮੈਨ ਵਾਰਡਾਂ ਵਿੱਚ ਹੁਣ ਰੱਖੇ ਹਨ, ਉਹ ਠੀਕ ਕੰਮ ਕਰ ਰਹੇ ਹਨ । ਮੇਅਰ ਜੀ ਨੇ ਅੱਗੇ ਬੋਲਦਿਆਂ ਕਿਹਾ ਕਿ ਯੂਨੀਅਨ ਦੀ ਜਿਹੜੀ ਇਹਨਾਂ ਸੀਵਰਮੈਨਾਂ ਨੂੰ ਪੱਕੇ ਤੌਰ

ਤੇ ਰੱਖਣ ਦੀ ਮੰਗ ਹੈ, ਬਾਰੇ ਮੈਂ ਦੱਸਣਾ ਚਾਹਾਂਗਾ ਕਿ ਸਰਕਾਰ ਨਾਲ ਗੱਲ ਹੋਈ ਹੈ ਅਤੇ ਦੋ ਸਾਲਾਂ ਬਾਅਦ ਇਹਨਾਂ ਨੂੰ ਪੱਕਿਆਂ ਕਰ ਦਿੱਤਾ ਜਾਵੇਗਾ ।

ਵਿਰੋਧੀ ਧਿਰ ਨੇ ਇਸ ਗੱਲ ਦਾ ਇਤਰਾਜ਼ ਕਰਦਿਆਂ ਕਿਹਾ ਕਿ ਸਾਨੂੰ ਤਾਂ ਕੋਈ ਦੋ-ਦੋ ਸੀਵਰਮੈਨ ਵਾਰਡਾਂ ਲਈ ਨਹੀਂ ਮਿਲੇ ਅਤੇ ਨਾ ਹੀ ਇਸ ਬਾਰੇ ਕੁਝ ਪਤਾ ਹੈ ਜਿਸ ਤੇ ਸੀਨਿਅਰ ਡਿਪਟੀ ਮੇਅਰ ਸ੍ਰੀਮਤੀ ਸੁਰਿੰਦਰ ਕੌਰ ਨੇ ਬੋਲਦਿਆਂ ਕਿਹਾ ਕਿ ਕੁਝ ਵਾਰਡਾਂ ਵਿੱਚ ਇਹ ਕਰਮਚਾਰੀ ਰੱਖੇ ਜਾ ਚੁੱਕੇ ਹਨ ਅਤੇ ਬਾਕੀ ਦੇ ਵਾਰਡਾਂ ਦੇ ਕੌਂਸਲਰ ਵੀ ਆਪੋ-ਆਪਣੇ ਵਾਰਡਾਂ ਵਿੱਚ ਇਹ ਕਰਮਚਾਰੀ ਰੱਖ ਰਹੇ ਹਨ ।

ਇਸ ਉਪਰੰਤ ਮੇਅਰ ਜੀ ਨੇ ਕਿਹਾ ਕਿ ਅੱਜ ਦੀ ਇਹ ਮੀਟਿੰਗ ਐਮਰਜੈਂਸੀ ਵਿੱਚ ਬੁਲਾਈ ਗਈ ਹੈ ਇਸ ਲਈ ਅੱਜ ਜ਼ੀਰੋ ਆਵਰ ਨਹੀਂ ਹੋਵੇਗਾ ਅਤੇ ਜਲਦ ਹੀ ਅਗਲੀ ਜਨਰਲ ਮੀਟਿੰਗ ਬੁਲਾ ਲਈ ਜਾਵੇਗੀ । **ਇਸ ਉਪਰੰਤ ਉਹਨਾਂ ਨੇ ਅੱਜ ਦਾ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।**

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.2.2020

**ਮਤਾ ਨੰ:-1**
ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 24.12.2019 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 24.12.2019 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.2.2020

**ਮਤਾ ਨੰ:-2**
ਵਿਸ਼ਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 30 ਮਿਤੀ 23.01.2020 ਰਾਹੀਂ 160 ਸੀਵਰਮੈਨ ਨੂੰ ਠੇਕੇ ਰਾਹੀਂ ਰੱਖਣ ਦਾ ਪਾਸ ਟੈਂਡਰ ਰੱਦ ਕਰਨ ਸਬੰਧੀ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਵਲੋਂ ਮਿਤੀ 20.2.2020 ਨੂੰ ਦਿੱਤੇ ਗਏ ਮੰਗ ਪੱਤਰ ਤੇ ਵਿਚਾਰ ਵਟਾਂਦਰਾ ਕਰਨ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੇਅਰ ਜੀ ਵਲੋਂ ਨਗਰ ਨਿਗਮ ਜਲੰਧਰ ਦੇ ਹਾਊਸ ਦੀ ਸਪੈਸ਼ਲ ਮੀਟਿੰਗ ਮਿਤੀ 24.2.2020 ਨੂੰ ਸ਼ਾਮ 4:00 ਵਜੇ ਬੁਲਾਉਣ ਲਈ ਆਦੇਸ਼ ਦਿੱਤੇ ਹਨ । ਉਪਰੋਕਤ ਵਿਸ਼ੇ ਸਬੰਧੀ ਨਗਰ ਨਿਗਮ ਜਲੰਧਰ ਦੀ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜ਼ਲ ਐਡਹਾਕ ਕਮੇਟੀ ਅਤੇ ਹੈਲਥ ਐਂਡ ਸੈਨੀਟੇਸ਼ਨ ਐਡਹਾਕ ਕਮੇਟੀਆਂ ਦੀਆਂ ਮਿਤੀ 21.2.2020 ਨੂੰ ਹੋਈਆਂ ਮੀਟਿੰਗਾਂ ਦੀਆਂ ਕਾਰਵਾਈਆਂ ਵੀ ਨਾਲ ਨੱਥੀ ਕੀਤੀਆਂ ਜਾਂਦੀਆਂ ਹੈ ।

ਵਿਚਾਰਣ ਹਿੱਤ ਪੇਸ਼ ਹੈ ਜੀ ।

ਅੱਜ ਮਿਤੀ : 21.02.2020 ਨੂੰ ਇੱਕ ਐਂਮਰੈਂਸੀ ਮੀਟਿੰਗ ਸ਼੍ਰੀ ਬਲਰਾਜ ਠਾਕੁਰ, ਚੇਅਰਮੈਨ ਹੈਲਥ ਐਂਡ ਸੈਨੀਟੇਸ਼ਨ ਐਡਹਾਕ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਮੇਟੀ ਦੇ ਮੈਂਬਰ 1. ਸ਼੍ਰੀ ਜਗਦੀਸ਼ ਰਾਮ ਸਮਰਾਏ 2. ਸ਼੍ਰੀ ਰੋਹਨ ਸਹਿਗਲ 3. ਸ਼੍ਰੀ ਅਵਤਾਰ ਸਿੰਘ 4. ਸ਼੍ਰੀਮਤੀ ਸਤਿੰਦਰਜੀਤ ਕੌਰ, 5. ਸ਼੍ਰੀ ਸੁੱਚਾ ਸਿੰਘ ਹਾਜ਼ਰ ਹੋਏ।

ਉਕਤ ਮੀਟਿੰਗ ਵਿੱਚ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਵੱਲੋ ਨਗਰ ਨਿਗਮ, ਕਮਿਸ਼ਨਰ ਜੀ ਨੂੰ ਦਿੱਤੇ ਹੋਏ ਮੰਗ ਪੱਤਰ ਤੇ ਕਮਿਸ਼ਨਰ ਵੱਲੋਂ ਕਮੇਟੀ ਦੀ ਰਾਏ ਲੈਣ ਲਈ ਲਿਖਿਆ ਗਿਆ ਹੈ। ਕਮੇਟੀ ਨੇ ਯੂਨੀਅਨ ਦੇ ਮੰਗ ਪੱਤਰ ਤੇ ਵਿਚਾਰ ਕੀਤਾ, ਜਿਸ ਵਿੱਚ ਸਾਰੇ ਕੌਂਸਲਰਾਂ ਦੀ ਮੰਗ ਅਤੇ ਸ਼ਹਿਰ ਦੀ ਜਰੂਰਤ ਅਨੁਸਾਰ ਸੀਵਰਮੈਂਨ ਅਤੇ ਸਫਾਈ ਸੇਵਕਾਂ ਦੀ ਲੋੜ ਹੈ ਅਤੇ ਹੋਰ ਵੀ ਜਿਹੜੀਆਂ ਯੂਨੀਅਨ ਦੀਆਂ ਮੰਗਾਂ ਹਨ, ਉਹਨਾਂ ਉੱਪਰ ਫੈਸਲਾ ਸਰਕਾਰ ਦੇ ਪੱਧਰ ਤੇ ਹੋਣਾ ਹੈ। ਕਮੇਟੀ ਦੇ ਮੈਂਬਰਾਂ ਨੇ ਫੈਸਲਾ ਕੀਤਾ ਹੈ ਕਿ ਯੂਨੀਅਨ ਦੀਆਂ ਮੰਗਾਂ ਪੰਜਾਬ ਸਰਕਾਰ ਪਾਸ ਪਹੁੰਚਾ ਦਿੱਤੀ ਜਾਵੇਗੀ। ਸ਼ਹਿਰ ਵਾਸੀਆਂ ਦੀ ਸਹੂਲਤ/ਜਰੂਰਤ ਅਤੇ ਖਾਸ ਕਰਕੇ ਸੀਵਰੇਜ਼ ਦੀਆਂ ਆਏ ਦਿਨ ਸ਼ਿਕਾਇਤਾਂ ਨੂੰ ਦੂਰ ਕਰਨ ਹਿੱਤ ਸ਼ਹਿਰ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਦੀ ਮੌਜੂਦਾ ਪਾਲਿਸੀ ਅਤੇ ਨਿਗਮ ਹਾਊਸ ਦੀ ਮੰਨਜ਼ੂਰੀ ਨਾਲ ਇਹ ਸੀਵਰਮੈਨ ਰੱਖੇ ਗਏ ਹਨ। ਇਸ ਸਬੰਧੀ ਕਮੇਟੀ ਦੀ ਰਿਪੋਰਟ ਨੂੰ ਹਾਊਸ ਵਿੱਚ ਵਿਚਾਰ ਲਿਆ ਜਾਵੇ ਜੀ।

ਸਹੀ/-
ਬਲਰਾਜ ਠਾਕੁਰ,
ਚੇਅਰਮੈਂਨ,

ਅੱਜ ਮਿਤੀ : 21.02.2020 ਨੂੰ ਇੱਕ ਐਮਰਜੰਸੀ ਮੀਟਿੰਗ ਸ਼੍ਰੀ ਪਵਨ ਕੁਮਾਰ, ਚੇਅਰਮੈਨ, ਵਾਟਰ ਸਪਲਾਈ ਐਂਡ ਸੀਵਰੇਜ਼ ਡਿਸਪੋਜਲ ਐਡਹਾਕ ਕਮੇਟੀ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਮੇਟੀ ਦੇ ਮੈਂਬਰ 1. ਸ਼੍ਰੀਮਤੀ ਰਾਧਿਕਾ ਪਾਠਕ, 2. ਸ਼੍ਰੀਮਤੀ ਰਿਸ਼ਮਾਂ ਖੋਸਲਾ, 3. ਸ਼੍ਰੀ ਰਾਜਿੰਦਰ ਕੁਮਾਰ ਜੁਨੇਜਾ 4. ਸ਼੍ਰੀਮਤੀ ਚੰਦਰਜੀਤ ਕੌਰ ਸੰਧਾ ਮੈਂਬਰ ਹਾਜ਼ਰ ਹੋਏ।

ਉਕਤ ਮੀਟਿੰਗ ਵਿੱਚ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਵੱਲੋ ਨਗਰ ਨਿਗਮ, ਕਮਿਸ਼ਨਰ ਜੀ ਨੂੰ ਦਿੱਤੇ ਹੋਏ ਮੰਗ ਪੱਤਰ ਤੇ ਕਮਿਸ਼ਨਰ ਵੱਲੋ ਕਮੇਟੀ ਦੀ ਰਾਏ ਲੈਣ ਲਈ ਲਿਖਿਆ ਗਿਆ ਹੈ। ਕਮੇਟੀ ਨੇ ਯੂਨੀਅਨ ਦੇ ਮੰਗ ਪੱਤਰ ਤੇ ਵਿਚਾਰ ਕੀਤਾ, ਜਿਸ ਵਿੱਚ ਸਾਰੇ ਕੌਂਸਲਰਾਂ ਦੀ ਮੰਗ ਅਤੇ ਸ਼ਹਿਰ ਦੀ ਜਰੂਰਤ ਅਨੁਸਾਰ ਸੀਵਰਮੈਂਨ ਅਤੇ ਸਫਾਈ ਸੇਵਕਾਂ ਦੀ ਲੋੜ ਹੈ ਅਤੇ ਹੋਰ ਵੀ ਜਿਹੜੀਆਂ ਯੂਨੀਅਨ ਦੀਆਂ ਮੰਗਾਂ ਹਨ, ਉਹਨਾਂ ਉੱਪਰ ਫੈਸਲਾ ਸਰਕਾਰ ਦੇ ਪੱਧਰ ਤੇ ਹੋਣਾ ਹੈ। ਕਮੇਟੀ ਦੇ ਮੈਂਬਰਾਂ ਨੇ ਫੈਸਲਾ ਕੀਤਾ ਹੈ ਕਿ ਯੂਨੀਅਨ ਦੀਆਂ ਮੰਗਾਂ ਪੰਜਾਬ ਸਰਕਾਰ ਪਾਸ ਪਹੁੰਚਾ ਦਿੱਤੀ ਜਾਵੇਗੀ। ਸ਼ਹਿਰ ਵਾਸੀਆਂ ਦੀ ਸਹੂਲਤ/ਜਰੂਰਤ ਅਤੇ ਖਾਸ ਕਰਕੇ ਸੀਵਰੇਜ਼ ਦੀਆਂ ਆਏ ਦਿਨ ਸ਼ਿਕਾਇਤਾਂ ਨੂੰ ਦੂਰ ਕਰਨ ਹਿੱਤ ਸ਼ਹਿਰ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਸਰਕਾਰ ਦੀ ਮੌਜੂਦਾ ਪਾਲਿਸੀ ਅਤੇ ਨਿਗਮ ਹਾਊਸ ਦੀ ਮੰਨਜ਼ੂਰੀ ਨਾਲ ਇਹ ਸੀਵਰਮੈਨ ਰੱਖੇ ਗਏ ਹਨ। ਇਸ ਸਬੰਧੀ ਕਮੇਟੀ ਦੀ ਰਿਪੋਰਟ ਨੂੰ ਹਾਊਸ ਵਿੱਚ ਵਿਚਾਰ ਲਿਆ ਜਾਵੇ ਜੀ।

ਸਹੀ/-
ਪਵਨ ਕੁਮਾਰ, ਚੇਅਰਮੈਂਨ,

| | |
|---|---|
| ਸਹੀ/-<br>1. ਸ਼੍ਰੀਮਤੀ ਰਾਧਿਕਾ ਪਾਠਕ, | ਸਹੀ/-<br>2. ਸ਼੍ਰੀਮਤੀ ਰਿਸ਼ਮਾਂ ਖੋਸਲਾ, |
| ਸਹੀ/-<br>3. ਸ਼੍ਰੀ ਰਾਜਿੰਦਰ ਕੁਮਾਰ ਜੁਨੇਜਾ | ਸਹੀ/-<br>4. ਸ਼੍ਰੀਮਤੀ ਚੰਦਰਜੀਤ ਕੌਰ ਸੰਧਾ |

**ਫੈਸਲਾ ਮਤਾ ਨੰ: 2**

ਵਿਚਾਰ ਵਟਾਂਦਰੇ ਦੌਰਾਨ ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਾਰਡ ਨੰ: 2 ਨੇ ਬੋਲਦਿਆਂ ਕਿਹਾ ਕਿ ਅੱਜ ਐਮਰਜੈਂਸੀ ਮੀਟਿੰਗ ਹੋ ਸਕਦੀ ਹੈ । ਇਹ ਵਾਇਲੇਸ਼ਨ ਹੈ। ਸਾਲ 2016 ਵਿੱਚ ਜੱਦ ਉਹਨਾਂ ਦੀ ਸਰਕਾਰ ਸੀ ਤਾਂ ਉਸ ਵੇਲੇ ਹੈਲਥ ਸ਼ਾਖਾ ਦੀਆਂ ਕਿੰਨੀਆਂ ਬੀਟਾਂ ਸਨ ਸਬੰਧੀ ਸਰਵੇ ਕਰਵਾਇਆ ਗਿਆ ਸੀ। ਜਿਵੇਂ ਕਿ 1 ਕਿਲੋਮੀਟਰ ਸੜਕ/ਗਲੀ ਵਾਸਤੇ ਪੁਰਸ਼ ਕਰਮਚਾਰੀ ਅਤੇ 800 ਮੀਟਰ ਸੜਕ/ਗਲੀ ਵਾਸਤੇ ਇੱਕ ਔਰਤ ਕਰਮਚਾਰਣ ਦੇ ਹਿਸਾਬ ਨਾਲ 3879 ਬੀਟਾਂ ਚਾਹੀਦੀਆਂ ਸਨ । ਉਸ ਸਮੇਂ ਦੇ ਮੁੱਖ ਮੰਤਰੀ ਜੀ, ਸਥਾਨਕ ਸਰਕਾਰ ਮੰਤਰੀ ਜੀ ਅਤੇ ਮੇਅਰ ਜੀ ਨੂੰ ਬੇਨਤੀ ਕੀਤੀ ਸੀ ਕਿ ਸਫਾਈ ਸੇਵਕਾਂ ਦੀਆਂ ਪ੍ਰਵਾਨਤ 2264 ਆਸਾਮੀਆਂ ਵਿੱਚੋਂ ਖ਼ਾਲੀ 235 ਆਸਾਮੀਆਂ ਦੇ ਨਾਲ ਨਾਲ 300 ਹੋਰ ਆਸਾਮੀਆਂ ਕੁਲ 535 ਆਸਾਮੀਆਂ ਡੀ.ਸੀ. ਰੇਟ ਤੇ ਭਰੀਆਂ ਜਾਣ । ਫਿਰ ਉਸ ਨੂੰ ਕਿਉਂ ਬਦਲਿਆ ਗਿਆ ਹੈ । ਅੱਜ ਹੜਤਾਲ ਕਾਰਨ ਸ਼ਹਿਰ ਅੰਦਰੋਂ ਕੂੜੇ ਦੀ ਲਿਫਟਿੰਗ ਨਹੀਂ ਹੋ ਰਹੀ। ਸੀਵਰੇਜ਼ ਦੀਆਂ ਕੰਪਲੇਂਟਾਂ ਦਾ ਹੱਲ ਨਹੀਂ ਹੋ ਰਿਹਾ। ਸਾਨੂੰ ਪਹਿਲਾਂ ਪਾਸ ਕੀਤੇ ਮਤੇ ਅਨੁਸਾਰ ਕਰਮਚਾਰੀ ਰੱਖ ਲੈਣੇ ਚਾਹੀਦੇ ਹਨ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਜਿਹੜੇ 160 ਸੀਵਰਮੈਨ ਆਊਟ ਸੋਰਸ ਤੇ ਰੱਖੇ ਹਨ ਉਹਨਾਂ ਸਬੰਧੀ ਸਰਕਾਰ ਨਾਲ ਇਹਨਾਂ ਨੂੰ ਡੀ.ਸੀ. ਰੇਟ ਜਾਂ ਪੱਕੇ ਤੌਰ ਤੇ ਰੱਖਣ ਲਈ ਵੀ ਗੱਲਬਾਤ ਕਰਾਂਗੇ। ਜਿਹੜੇ 535 ਸਫਾਈ ਸੇਵਕਾਂ ਬਾਰੇ ਵੀ

ਸਰਕਾਰ ਨੇ ਆਊਟਸੋਰਸ ਤੇ ਰੱਖਣ ਲਈ ਕਿਹਾ ਹੈ, ਉਹਨਾਂ ਬਾਰੇ ਵੀ ਇਹਨਾਂ ਕਰਮਚਾਰੀਆਂ ਨੂੰ ਡੀ.ਸੀ. ਰੇਟ ਤੇ ਰੱਖਣ ਲਈ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ, ਵਾਰਡ ਨੰ: 10 ਨੇ ਵਿਚਾਰ ਵਟਾਂਦਰੇ ਦੌਰਾਨ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸ਼ਹਿਰ ਦੇ ਹਿੱਤ ਨੂੰ ਮੁੱਖ ਰੱਖਕੇ ਮੇਅਰ ਜੀ ਨੇ ਐਮਰਜੈਂਸੀ ਮੀਟਿੰਗ ਬੁਲਾਈ ਹੈ ਜਿਸ ਲਈ ਸਾਰੇ ਕੌਂਸਲਰ ਤੁਹਾਡਾ ਧੰਨਵਾਦ ਕਰਦੇ ਹਨ। ਸ਼ਹਿਰ ਦੇ ਹਿੱਤ ਵਾਸਤੇ ਅਸੀਂ ਕਿਉਂ ਜ਼ੋ ਅਸੀਂ ਸ਼ਹਿਰਵਾਸੀਆਂ ਦਾ ਪ੍ਰਤੀਨਿਧ ਕਰਦੇ ਹਾਂ ਤੁਹਾਡਾ ਧੰਨਵਾਦ ਕਰਦੇ ਹਾਂ। ਪਹਿਲਾਂ ਵੀ ਹੜਤਾਲਾਂ ਹੁੰਦੀਆਂ ਰਹੀਆਂ ਹਨ ਪਰ ਇੰਝ ਸ਼ਹਿਰ ਵਾਸੀਆਂ ਦੇ ਹਿੱਤ ਬਾਰੇ ਤੁਸੀਂ ਬਹੁਤ ਉਚੀ ਸੋਚ ਰੱਖੀ ਹੈ। 160 ਸੀਵਰਮੈਨਾਂ ਨੂੰ ਰੋਜ਼ਗਾਰ ਮਿਲਿਆ ਹੈ। ਫਿਰ ਕੁਝ ਲੋਕ ਕਿਉਂ ਅੜਿੱਕਾ ਪਾ ਰਹੇ ਹਨ । ਅਸੀਂ ਵੀ ਚੁੰਣੇ ਹੋਏ ਕੌਂਸਲਰ ਹਾਂ ਤੇ ਸਾਨੂੰ ਵੀ ਵਿਸ਼ਵਾਸ ਵਿੱਚ ਲਿਆ ਜਾਣਾ ਚਾਹੀਦਾ ਹੈ। ਹੜਤਾਲ ਕਰਨ ਤੋਂ ਪਹਿਲਾਂ ਜਿੰਮੇਵਾਰ ਕੌਂਸਲਰਾਂ, ਵਿਧਾਇਕਾਂ ਜਾਂ ਸਰਕਾਰਾਂ ਨੂੰ ਵਿਸ਼ਵਾਸ ਵਿੱਚ ਲਿਆ ਜਾਣਾ ਚਾਹੀਦਾ ਹੈ। ਇਸ ਹੜਤਾਲ ਦੀ ਨੁਮਾਇੰਦਗੀ ਦੂਜੀਆਂ ਵਿਰੋਧੀ ਪਾਰਟੀਆਂ ਦੇ ਲੋਕ ਕਰ ਰਹੇ ਹਨ ਅਤੇ ਚੰਦਰ ਗਰੇਵਾਲ ਸ਼੍ਰੋਮਣੀ ਅਕਾਲੀ ਦਲ ਪਾਰਟੀ ਦਾ ਨੁਮਾਇੰਦਾ ਹੈ ਜਦ ਕਿ ਮੌਜੂਦਾ ਕੰਮ ਕਰ ਰਹੇ ਸਰਵਿਸਮੈਨਾਂ ਵਲੋਂ ਨੁਮਾਇੰਦਗੀ ਕਰਨੀ ਚਾਹੀਦੀ ਹੈ। ਇਸ ਤੇ ਵਧੇਰੇ ਹਾਜ਼ਰ ਕੌਂਸਲਰਾਂ ਨੇ ਮੇਜਾਂ ਥਪਥਪਾਈਆਂ । ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਯੂਨੀਅਨਾਂ ਦੀਆਂ ਜਾਇਜ਼ ਮੰਗਾਂ ਨਾਲ ਅਸੀਂ ਵੀ ਨਾਲ ਖੜਾਂਗੇ । ਜੇਕਰ ਉਹ ਯੂਨੀਅਨਾਂ ਦੇ ਨੁਮਾਇੰਦੇ ਹਨ ਤਾਂ ਅਸੀਂ ਵੀ ਲੋਕਾਂ ਦੇ ਨੁਮਾਇੰਦੇ ਹਾਂ। ਜਿਹੜੇ 160 ਬੱਚੇ ਨੌਕਰੀ ਤੇ ਰੱਖੇ ਹਨ ਅਸੀਂ ਜਲਦ ਉਹਨਾਂ ਨੂੰ ਪੱਕਿਆ ਕਰਵਾਵਾਂਗੇ। ਉਹਨਾਂ ਮੇਅਰ ਜੀ ਨੂੰ ਕਿਹਾ ਕਿ ਸਾਰੇ ਕੌਂਸਲਰ ਤੁਹਾਡੇ ਨਾਲ ਮੋਡੇ ਨਾਲ ਮੋਡਾ ਲਾ ਕੇ ਖੜੇ ਹਨ।

ਮੇਅਰ ਜੀ ਨੇ ਬੋਲਦਿਆਂ ਕਿਹਾ ਕਿ ਸਮੂਹ ਕੌਂਸਲਰਾਂ ਦੀ ਰਾਏ ਹੈ ਕਿ ਅਸੀਂ ਜ਼ੋ ਕੀਤਾ ਹੈ ਉਹ ਠੀਕ ਕੀਤਾ ਹੈ ਅਤੇ ਇਹ ਟੈਂਡਰ ਜਾਰੀ ਰਹੇਗਾ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
24.2.2020